ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning ਹੋਮ ਕਲੀਨਿੰਗ
Carpet Cleaning ਕਾਰਪੇਟ ਕਲੀਨਿੰਗ
Floor Polishing ਫਲੋਰ ਪੋਲਿਸ਼ਿੰਗ
Water Blaster ਵਾਟਰ ਬਲਾਸਟਰ
Lawn Mowing ਲਾਅਨ ਮੁਵਿੰਗ
Carpet Cleaning 3 Bedroom $95 5 Bedroom $135
Contact : Raj 021 8740 730, 0800 253 2687
www.redcleaning.co.nz

08 January 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨਰਿੰਦਰ ਸਿੰਗਲਾ ਜੇ. ਪੀ. ਉਘੇ ਕਾਰੋਬਾਰੀ, ਕਮਿਊਨਿਟੀ ਲੀਡਰ ਅਤੇ ਐਨ. ਜ਼ੈਡ. ਤਸਵੀਰ ਅਖ਼ਬਾਰ ਦੇ ਡਾਇਰੈਕਟਰ ਅਤੇ ਸੰਪਾਦਕ ਨੂੰ ਸਦਮਾ, ਸਹੁਰਾ ਸਾਹਿਬ ਦਾ ਦੇਹਾਂਤ



ਆਕਲੈਂਡ, (ਐੱਨ ਜ਼ੈੱਡ ਤਸਵੀਰ ਬਿਊਰੋ) ਨਰਿੰਦਰ ਸਿੰਗਲਾ ਜੇ. ਪੀ. ਉਘੇ ਕਾਰੋਬਾਰੀ, ਕਮਿਊਨਿਟੀ ਲੀਡਰ ਅਤੇ ਐਨ. ਜ਼ੈਡ. ਤਸਵੀਰ ਅਖ਼ਬਾਰ ਦੇ ਡਾਇਰੈਕਟਰ ਅਤੇ ਸੰਪਾਦਕ ਦੇ ਸਹੁਰਾ ਸਾਹਿਬ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਮਨ ਲਤਾ ਦੇ ਪਿਤਾ ਜੀ ਸ੍ਰੀ ਬਲਦੇਵ ਕ੍ਰਿਸ਼ਨ ਜੋ ਕਿ ਮੋਗਾ (ਪੰਜਾਬ) ਵਿਚ ਰਹਿੰਦੇ ਸਨ ਸੰਖੇਪ ਬਿਮਾਰੀ ਮਗਰੋਂ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ। ਉਹ ਆਪਣੇ ਪਿਛੇ ਭਰਿਆ ਪੂਰਾ ਪਰਿਵਾਰ ਛੱਡ ਗਏ ਹਨ, ਜਿਸ ਵਿਚ ਉਨ੍ਹਾਂ ਦੇ ਦੋ ਸਪੁੱਤਰ, ਦੋ ਧੀਆਂ, ਪੋਤਰੇ ਅਤੇ ਦੋਹਤਰੇ ਸ਼ਾਮ ਹਨ। ਇਥੇ ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਪੋਤਾ ਅਤੇ ਪੋਤੀ ਡਾਕਟਰੀ ਵਿਦਿਆ ਦੀ ਪੜ੍ਹਾਈ ਕਰ ਰਹੇ ਹਨ ਅਤੇ ਉਨ੍ਹਾਂ ਦਾ ਦੋਹਤਾ ਨਿਊਜ਼ੀਲੈਂਡ ਵਿਚ ਬਤੌਰ ਡਾਕਟਰ ਕੰਮ ਕਰ ਰਿਹਾ ਹੈ,ਉਨ੍ਹਾਂ ਦੀ ਆਖ਼ਰੀ ਇਛਾ ਸੀ ਕਿ ਉਨ੍ਹਾਂ ਦੇ ਦੋਹਤੇ, ਪੋਤੇ ਡਾਕਟਰ ਬਣਨ ਜੋ ਕਿ ਉਨ੍ਹਾਂ ਦੀ ਫੁਲਵਾੜੀ ਨੇ ਕਰ ਦਿਖਾਇਆ ਹੈ।

# ਨਿਊਜੀਲੈਂਡ ਤੋਂ ਭਾਰਤ ਆਏ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਫਾਊਂਡਰ ਮੈਂਬਰ ਦੀ ਮੌਤ

ਆਕਲੈਂਡ, 7 ਜਨਵਰੀ (ਐੱਨ ਜ਼ੈੱਡ ਤਸਵੀਰ ਬਿਊਰੋ) ਮੈਨੁਕਾਓ ਵਿਖੇ ਪਿਛਲੇ ਲੰਬੇ ਸਮੇਂ ਤੋਂ ਰਹਿ ਰਹੇ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਫਾਊਂਡਰ ਮੈਂਬਰ ਤੇ ਮੌਜੂਦਾ ਜਨਰਲ ਸਕੱਤਰ ਸ੍ਰੀ ਰਾਜ ਕੁਮਾਰ ਦੀ ਭਾਰਤ ਫੇਰੀ ਦੌਰਾਨ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋ ਗਈ। ਉਨ੍ਹਾਂ ਦੀ ਬੇਵਕਤੀ ਮੌਤ ਨਾਲ ਨਿਊਜੀਲੈਂਡ 'ਚ ਵਸਦਾ ਪੰਜਾਬੀ ਭਾਈਚਾਰਾ ਸਦਮੇ ਵਿੱਚ ਹੈ। ਜਿਕਰਯੋਗ ਹੈ ਕਿ ਸ੍ਰੀ ਰਾਜ ਕੁਮਾਰ ਜੀ ਦਾ ਮੈਨੁਕਾਓ ਵਿਖੇ ਆਪਣਾ ਬਿਜਨਸ ਸੀ ?ਤੇ ਉਹ ਆਪਣੀ ਕੰਪਨੀ 'ਨਿਊ ਲੁੱਕ ਬਲਾਈਂਡਜ' ਦੇ ਡਾਇਰੈਕਟਰ ਸਨ। ਉਹ ਆਪਣੇ ਪਿੱਛੇ ਪਤਨੀ ਸ੍ਰੀਮਤੀ ਜਸਵਿੰਦਰ ਕੌਰ, ਇੱਕ ਪੁੱਤਰੀ ਅਤੇ ਇੱਕ ਪੁੱਤਰ ਛੱਡ ਗਏ ਹਨ। ਇਹ ਪੰਜਾਬ ਦੇ ਨਕੋਦਰ ਸ਼ਹਿਰ ਨਾਲ ਸਬੰਧਤ ਸਨ, ਉਨ੍ਹਾਂ ਦਾ ਸਸਕਾਰ ਨਕੋਦਰ ਵਿੱਚ ਹੀ ਕੀਤਾ ਜਾਵੇਗਾ। ਪੰਜਾਬ ਤੋਂ ਉਨਾਂ ਦੀ ਮੌਤ 'ਤੇ ਬਹੁਜਨ ਸਮਾਜ ਦੇ ਨੇਤਾ ਸਾਬਕਾ ਰਾਜ ਸਭਾ ਮੈਂਬਰ ਤੇ ਸਾਬਕਾ ਬਸਪਾ ਪ੍ਰਧਾਨ ਪੰਜਾਬ ਸ. ਅਵਤਾਰ ਸਿੰਘ ਕਰੀਮਪੁਰੀ, ਸੁਖਵਿੰਦਰ ਸਿੰਘ ਕੋਟਲੀ, ਰਾਮ ਸਰੂਪ ਸਰੋਏ,ਅੰਮ੍ਰਿਤ ਭੌਂਸਲੇ, ਸ਼ੁਸ਼ੀਲ ਵਿਰਦੀ,ਬਲਵਿੰਦਰ ਬਿੱਟੂ, ਸਤਵਿੰਦਰ ਅਜਾਦ, ਪ੍ਰੇਮ ਲਤਾ, ਨਿਰਮਲ ਰੱਤੂ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨਾਂ ਦੀ ਮੌਤ 'ਤੇ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਸ੍ਰੀ ਮਹਿੰਦਰ ਪਾਲ ਨੇ ਸਮੂਹ ਕਮੇਟੀ ਮੈਂਬਰਾਂ ਦੀ ਤਰਫੋ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵੱਲੋਂ ਅਫਸੋਸ ਅਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸੇ ਤਰਾਂ ਗੁਰਦੁਆਰਾ ਸਾਹਿਬ ਬੇਗਮਪੁਰਾ ਵਿਖੇ ਵੀ ਸ੍ਰੀ ਰਾਜ ਕੁਮਾਰ ਨੂੰ ਕਮੇਟੀ ਵੱਲੋਂ ਸ਼ਰਧਾਂਜਲੀ ਭੇਂਟ



ਕੀਤੀ ਗਈ ਅਤੇ ਉਨ੍ਹਾਂ ਵੱਲੋਂ ਸਮਾਜਿਕ ਅਤੇ ਧਾਰਮਿਕ ਕੰਮਾਂ ਵਿੱਚ ਪਾਏ ਯੋਗਦਾਨ ਨੂੰ ਚੇਤੇ ਕੀਤਾ ਗਿਆ। ਉਨ੍ਹਾਂ ਦੀ ਮੌਤ 'ਤੇ ਅਫਸੋਸ ਕਰਨ ਲਈ ਸੁਸਾਇਟੀ ਪ੍ਰਧਾਨ ਸ੍ਰਿ ਮੋਹਿੰਦਰਪਾਲ ਨੂੰ 0211568105 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮੈਨੁਕਾਓ 'ਚ ਗਰਭਵਤੀ ਔਰਤ ਦੇ ਪੇਟ ਵਿੱਚ ਲੱਤ ਮਾਰਨ ਦੀ ਪੁਲਿਸ ਕਰ ਰਹੀ ਹੈ ਭਾਲ



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਦੱਖਣੀ ਆਕਲੈਂਡ 'ਚ ਗਰਭਵਤੀ ਔਰਤ ਦੇ ਪੇਟ ਵਿੱਚ ਲੱਤ ਮਾਰਨ ਅਤੇ ਦੁਰਵਿਵਹਾਰ ਕਰਨ ਵਾਲਿਆਂ ਦੀ ਪੁਲਿਸ ਭਾਲ ਕਰ ਰਹੀ ਹੈ। ਮਾਨੁਕਾਓ ਵਿਚ ਝਗੜਾ ਹੋਣ ਬਾਰੇ ਪੁਲਿਸ ਨੇ ਦੱਸਿਆ ਕਿ ਤਿੰਨ ਨੌਜਵਾਨਾਂ ਦੇ ਇਕ ਗਰੁੱਪ ਨੇ ਇਕ ਆਦਮੀ ਤੇ ਇਕ ਔਰਤ' ਤੇ ਹਮਲਾ ਕੀਤਾ, ਜੋ ਸ਼ਨੀਵਾਰ ਨੂੰ ਦੁਪਹਿਰ ਮੈਨੁਕਾਓ ਰੇਲਵੇ ਸ਼ਟੇਸ਼ਨ 'ਤੇ ਮੌਜੂਦ ਸਨ। ਪੁਲਿਸ ਦੇ ਹੱਥ ਇੱਕ ਵੀਡੀਓ ਕਲਿੱਪ ਵੀ ਲੱਗੀ ਹੈ ਜਿਸ ਵਿੱਚ ਗਰਭਵਤੀ ਔਰਤ ਨੂੰ ਧੱਕਾ ਦਿੱਤਾ ਗਿਆ ਸੀ ਅਤੇ ਉਸ ਨੂੰ ਕੁੱਟਿਆ ਗਿਆ ਹੈ।ਔਰਤ ਨੂੰ ਹਸਪਤਾਲ ਲਿਜਾਇਆ ਗਿਆ। ਪੁਲਸ ਦਾ ਕਹਿਣਾ ਹੈ ਕਿ ਉਹ ਜਾਂਚ ਕਰ ਰਹੇ ਹਨ।

# ਹਸਪਤਾਲ 'ਚ 14 ਸਾਲ ਤੋਂ ਬੇਸੁਰਤ ਪਈ ਮਹਿਲਾ ਨੇ ਬੱਚੇ ਨੂੰ ਦਿੱਤਾ ਜਨਮ, ਜਿਣਸੀ ਸੋਸ਼ਣ ਦਾ ਖ਼ਦਸ਼ਾ



ਅਮਰੀਕਾ ਦੇ ਐਰੀਜ਼ੋਨਾ ਸਥਿਤ ਹੇਸਿੰਡਾ ਹੈਲਥ ਕੇਅਰ ਵਿੱਚ ਕਰੀਬ 14 ਸਾਲਾਂ ਤੋਂ ਕੋਮਾ ਵਿੱਚ ਪਈ ਮਹਿਲਾ ਨੇ ਬੱਚੇ ਨੂੰ ਜਨਮ ਦਿੱਤਾ ਹੈ। ਇਸ ਮਹਿਲਾ ਨਾਲ ਜਿਣਸੀ ਸੋਸ਼ਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਹਸਪਤਾਲ ਦੇ ਸਟਾਫ 'ਤੇ ਇਸ ਤੋਂ ਪਹਿਲਾਂ ਵੀ ਕਈ ਇਲਜ਼ਾਮ ਲੱਗ ਚੁੱਕੇ ਹਨ। ਇਸ ਕਰਕੇ 5 ਸਾਲ ਪਹਿਲਾਂ ਹਸਪਤਾਲ ਨੂੰ ਦਿੱਤੀ ਜਾਂਦੀ ਫੰਡਿੰਗ ਰੋਕ ਦਿੱਤੀ ਗਈ ਸੀ। ਬੱਚੇ ਨੂੰ ਜਨਮ ਦੇਣ ਵਾਲੀ ਮਹਿਲਾ ਪਿਛਲੇ 14 ਸਾਲਾਂ ਤੋਂ ਹੈਲਥ ਕੇਅਰ ਸੈਂਟਰ ਵਿੱਚ ਦਾਖ਼ਲ ਹੈ। ਪਾਣੀ ਵਿੱਚ ਡੁੱਬਣ ਕਰਕੇ ਉਸ ਦੇ ਦਿਮਾਗ ਨੁਕਸਾਨਿਆ ਗਿਆ ਸੀ। ਹਾਲਤ ਇੰਨੀ ਖ਼ਰਾਬ ਹੈ ਕ ਉਸ ਨੂੰ 24 ਘੰਟੇ ਦੇਖ਼ਭਾਲ ਦੀ ਲੋੜ ਹੈ। ਸਟਾਫ਼ ਦਿਨ 'ਚ ਕਈ ਵਾਰ ਉਸ ਦਾ ਚੈਕਅੱਪ ਕਰਦਾ ਹੈ। ਸਟਾਫ਼ 'ਤੇ ਜਿਣਸੀ ਸੋਸ਼ਣ ਦੇ ਇਲਜ਼ਾਮ ਲੱਗਣ ਕਰਕੇ ਹੈਲਥ ਕੇਅਰ ਸੈਂਟਰ ਨੇ ਨਿਯਮਾਂ ਵਿੱਚ ਬਦਲਾਅ ਕਰ ਦਿੱਤੇ ਹਨ। ਹੁਣ ਪੁਰਸ਼ ਸਟਾਫ ਦੇ ਨਾਲ ਮਹਿਲਾ ਸਟਾਫ ਵੀ ਮੌਜੂਦ ਰਹੇਗਾ। ਸਟਾਫ ਦੀ ਗਿਣਤੀ ਵਧਾਉਣ ਦੇ ਨਾਲ-ਨਾਲ ਮਰੀਜ਼ਾਂ ਦੀ ਸੁਰੱਖਿਆ ਦਾ ਵੀ ਖ਼ਿਆਲ ਰੱਖਿਆ ਜਾਏਗਾ। ਇਸ ਮਾਮਲੇ ਦੀ ਜਾਂਚ ਲਈ ਸਟਾਫ ਵੱਲੋਂ ਹਰ ਸੰਭਵ ਯੋਗਦਾਨ ਦਿੱਤਾ ਜਾ ਰਿਹਾ ਹੈ।

# ਇੱਕ ਹਫਤੇ 'ਚ ਐਪਲ ਸਟੋਰ ਤੋਂ ਕੀਤੀ 1.22 ਅਰਬ ਡਾਲਰ ਦੀ ਖਰੀਦਾਰੀ



ਸੈਨ ਫ੍ਰਾਂਸਿਸਕੋ: ਦੁਨੀਆ 'ਚ ਲੋਕ ਆਨ-ਲਾਈਨ ਸ਼ੌਪਿੰਗ ਤਾਂ ਬਹੁਤ ਕਰਦੇ ਹਨ ਪਰ ਇੱਕ ਹਫਤੇ 'ਚ ਐਪਲ ਸਟੋਰ ਤੋਂ 1.22 ਅਰਬ ਡਾਲਰ ਦੀ ਖਰੀਦਾਰੀ ਕੀਤੀ ਗਈ ਹੈ ਜਦਕਿ ਨਵੇਂ ਸਾਲ ਦੇ ਪਹਿਲੇ ਦਿਨ ਸਭ ਤੋਂ ਵੱਧ ਖਰੀਦਾਰੀ ਦਾ ਰਿਕਾਰਡ ਬਣੀਆ ਹੈ। ਇਸ ਦੀ ਗਾਹਕਾਂ ਨੇ ਕੁਲ 32.2 ਕਰੋੜ ਡਾਲਰ ਡੀ ਖਰੀਦਾਰੀ ਕੀਤੀ ਹੈ। ਐਪਲ ਨੇ ਵੀਰਵਾਰ ਦੇਰ ਰਾਤ ਇੱਕ ਬਿਆਨ 'ਚ ਕਿਹਾ ਕਿ ਕ੍ਰਿਸਮਸ ਅਤੇ ਨਵੇਂ ਨਾਲ ਮੌਕੇ ਐਪਲ ਦਟੋਰ ਤੋਂ ਕੁਲ 1.22 ਅਰਬ ਡਾਲਰ ਦੀ ਸ਼ੌਪਿੰਗ ਕੀਤੀ ਗਈ ਹੈ। ਐਪਲ ਦੇ ਅਧਿਕਾਰੀ ਫਿਲ ਸ਼ਿਲਰ ਨੇ ਕਿਹਾ, 'ਛੁੱਟੀਆਂ ਵਾਲੇ ਹਫਤੇ 'ਚ ਹੁਣ ਤਕ ਸਾਡੀ ਕਿਸੇ ਵੀ ਹਫਤੇ 'ਚ ਇੰਨੀ ਕਮਾਈ ਨਹੀ ਹੋਈ ਅਤੇ ਲੋਕਾਂ ਨੇ 1.22 ਅਰਬ ਡਾਲਰ ਦੇ ਐਪਸ ਅਤੇ ਗੇਮਸ ਖਰੀਦੇ ਅਤੇ ਨਵੇਂ ਸਾਲ ਵਾਲੇ ਦਿਨ 32.2 ਕਰੋੜ ਡਾਲਰ ਡੀ ਖਰੀਦਾਰੀ ਕੀਤੀ ਹੈ। ਕੰਪਨੀ ਦਾ ਕਹਿਣਾ ਹੈ ਕਿ ਛੁਟੀਆਂ ਦੇ ਦੌਰਾਨ ਐਪ ਡਾਉਨਲੋਡਸ ਅਤੇ ਗਾਹਕਾਂ ਦੀ ਲਿਸਟ 'ਚ ਗੇਮਿੰਗ ਅਤੇ ਸੈਲਫ-ਕੈਅਰ ਸਭ ਤੋਂ ਜ਼ਿਆਦਾ ਫੇਮਸ ਰਹੇ। ਇਸ ਤੋਂ ਪਪਹਿਲਾ ਬੀਤੇ ਦਿਨੀਂ ਐਪਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਟਿਮ ਕੁਕ ਨੇ ਕੰਪਨੀ ਨੂੰ ਵਿੱਤੀ ਸਾਲ 2019 ਦੀ ਪਹਿਲੀ ਤਿਮਾਡੀ 'ਚ ਆਈ ਸੇਲ ਦੀ ਗਿਰਾਵਟ ਦੀ ਜਣਕਾਰੀ ਦਿੱਤੀ ਸੀ।

# ਮੋਦੀ ਸਰਕਾਰ ਦਾ ਵੱਡਾ ਫੈਸਲਾ, ਜਨਰਲ ਵਰਗ ਨੂੰ ਵੀ ਸਿੱਖਿਆ ਤੇ ਨੌਕਰੀਆਂ 'ਚ ਰਾਖਵਾਂਕਰਨ



ਨਵੀਂ ਦਿੱਲੀ: ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਮੋਦੀ ਸਰਕਾਰ ਨੇ ਵੱਡਾ ਦਾਅ ਖੇਡਿਆ ਹੈ। ਮੋਦੀ ਕੈਬਨਿਟ ਨੇ ਆਰਥਕ ਤੌਰ 'ਤੇ ਪੱਛੜੇ ਜਨਰਲ ਵਰਗ ਨਾਲ ਸਬੰਧਤ ਲੋਕਾਂ ਨੂੰ ਨੌਕਰੀ ਤੇ ਸਿੱਖਿਆ ਵਿੱਚ ਰਾਖਵਾਂਕਰਨ ਦਾ ਫੈਸਲਾ ਲਿਆ ਹੈ। ਇਹ ਰਾਖਵਾਂਕਰਨ ਮੌਜੂਦਾ ਰਿਜ਼ਰਵੇਸ਼ਨ ਵਿਵਸਥਾ ਨਾਲ ਛੇੜਛਾੜ ਕੀਤੇ ਤੋਂ ਬਗ਼ੈਰ ਦਿੱਤੀ ਜਾਵੇਗੀ।ਮੋਦੀ ਸਰਕਾਰ ਨੇ ਆਰਥਕ ਤੌਰ 'ਤੇ ਪੱਛੜੇ ਜਨਰਲ ਵਰਗ ਨੂੰ ਸਰਕਾਰੀ ਨੌਕਰੀਆਂ ਤੇ ਵਿੱਦਿਆ ਖੇਤਰ ਵਿੱਚ 10 ਫ਼ੀਸਦੀ ਰਾਖਵਾਂਕਰਨ ਦੇਣ ਦਾ ਫੈਸਲਾ ਦਿੱਤਾ ਹੈ। ਫਿਲਹਾਲ ਦੇਸ਼ ਵਿੱਚ 49.5 ਫੀਸਦ ਰਾਖਵਾਂਕਰਨ ਲਾਗੂ ਹੈ, ਜਿਸ ਵਿੱਚ ਅਨੁਸੂਚਿਤ ਜਾਤੀ ਲਈ 15%, ਅਨੁਸੂਚਿਤ ਜਨਜਾਤੀ ਲਈ 7.5% ਤੇ ਓਬੀਸੀ ਲਈ 27% ਰਿਜ਼ਰਵੇਸ਼ਨ ਸ਼ਾਮਲ ਹੈ। ਸਰਕਾਰ ਵੱਲੋਂ ਰਾਖਵਾਂਕਰਨ ਦੀ ਇਸ ਤਬਦੀਲੀ ਨੂੰ ਲਾਗੂ ਕਰਨ ਲਈ ਸੰਵਿਧਾਨ ਦੇ ਆਰਟੀਕਲ 15 ਤੇ 16 ਨੂੰ ਵੀ ਸੋਧਿਆ ਜਾਵੇਗਾ। ਸੰਵਿਧਾਨ ਦੇ ਇਨ੍ਹਾਂ ਦੋਵਾਂ ਆਰਟੀਕਲਜ਼ ਵਿੱਚ ਸੋਧ ਮਗਰੋਂ ਹੀ ਆਰਥਕ ਤੌਰ 'ਤੇ ਪੱਛੜੇ ਹੋਏ ਜਨਰਲ ਵਰਗ ਨੂੰ 10 ਫ਼ੀਸਦ ਰਾਖਵਾਂਕਰਨ ਦਾ ਲਾਭ ਮਿਲ ਸਕੇਗਾ। ਹਾਲਾਂਕਿ, ਆਰਥਕ ਤੌਰ 'ਤੇ ਕਮਜ਼ੋਰ ਮੰਨੇ ਜਾਣ ਲਈ ਕਿੰਨੀ ਆਮਦਨ ਹੱਦ ਤੈਅ ਹੋਵੇਗੀ, ਇਸ ਬਾਰੇ ਜਾਣਕਾਰੀ ਆਉਣੀ ਹਾਲੇ ਬਾਕੀ ਹੈ।

# ਦਸਤਾਰ ਨਾ ਉਤਾਰਨ 'ਤੇ ਅੜੇ ਸਿੱਖ ਨੂੰ ਅਮਰੀਕਾ 'ਚ ਮਿਲੇਗਾ ਵੱਡਾ ਸਨਮਾਨ

ਚੰਡੀਗੜ੍ਹ: ਹਰਿਆਣਾ ਦੇ ਜ਼ਿਲ੍ਹੇ ਅੰਬਾਲਾ ਦੇ ਛੋਟੇ ਜਿਹੇ ਪਿੰਡ ਅਧੋਈ ਦੇ ਗੁਰਿੰਦਰ ਸਿੰਘ ਖ਼ਾਲਸਾ ਦੀ ਪੱਗ ਉਤਾਰ ਕੇ ਤਲਾਸ਼ੀ ਨਾ ਦੇਣ ਦੀ ਜ਼ਿਦ ਦੀ ਕਦਰ ਅਮਰੀਕਾ ਨੇ ਸੀ ਤੇ ਅਮਰੀਕਾ ਵਿੱਚ ਦਸਤਾਰ ਦੇ ਵੱਕਾਰ ਦੀ ਬਹਾਲੀ ਲਈ ਲੰਮੀ ਲੜਾਈ ਲੜਨ ਦਾ ਫੈਸਲਾ ਕੀਤਾ। ਅਮਰੀਕੀ ਨਿਯਮਾਂ ਮੁਤਾਬਕ ਜੇਕਰ 20,000 ਲੋਕਾਂ ਦਾ ਸਮਰਥਨ ਮਿਲਦਾ ਹੈ ਤਾਂ ਪੱਗ ਉਤਾਰ ਕੇ ਜਾਂਚ ਕਰਨ ਵਾਲਾ ਨਿਯਮ ਹਟਾ ਦੇਣਗੇ ਪਰ ਖ਼ਾਲਸਾ ਨੇ 67,000 ਤੋਂ ਵੀ ਵੱਧ ਲੋਕਾਂ ਦੀ ਹਮਾਇਤ ਹਾਸਲ ਕੀਤੀ। ਫਿਰ ਅਮਰੀਕਾ ਨੂੰ ਵੀ ਉਨ੍ਹਾਂ ਅੱਗੇ ਝੁਕਣਾ ਪਿਆ ਤੇ ਸਿੱਖਾਂ ਨੂੰ ਦਸਤਾਰ ਸਮੇਤ ਸਫ਼ਰ ਕਰਨ ਦੀ ਖੁੱਲ੍ਹ ਮਿਲੀ।



ਗੁਰਿੰਦਰ ਸਿੰਘ ਖ਼ਾਲਸਾ ਕੀਤੀ ਹੈ। ਸਾਲ 2007 ਵਿੱਚ ਹੋਈ ਇਸ ਘਟਨਾ ਉਪਰੰਤ ਅਮਰੀਕਾ ਨੇ ਸਿੱਖਾਂ ਨੂੰ ਪਗੜੀ ਸਮੇਤ ਹਵਾਈ ਸਫ਼ਰ ਕਰਨ ਤੋਂ ਵੀ ਛੋਟ ਦਿੱਤੀ ਸੀ। ਹੁਣ ਖ਼ਾਲਸਾ ਦੇ ਜਜ਼ਬੇ ਨੂੰ ਉਤਸ਼ਾਹਿਤ ਕਰਨ ਲਈ ਅਮਰੀਕੀ ਮੈਗਜ਼ੀਨ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕਰਨ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਗੁਰਿੰਦਰ ਸਿੰਘ ਖ਼ਾਲਸਾ ਨੂੰ ਸਾਲ 2007 ਦੌਰਾਨ ਨਿਊਯਾਰਕ ਦੇ ਬਫ਼ਲੋ ਨਾਇਗਰਾ ਕੌਮਾਂਤਰੀ ਹਵਾਈ ਅੱਡੇ 'ਤੇ ਪੱਗ ਬੰਨ੍ਹੀ ਹੋਣ ਕਰਕੇ ਉੱਥੋਂ ਜ਼ਬਰੀ ਹਟਾਇਆ ਗਿਆ ਸੀ। ਇਸ ਦੌਰਾਨ ਉਨ੍ਹਾਂ ਦੀ ਸੁਰੱਖਿਆ ਕਰਮੀਆਂ ਨਾਲ ਹੱਥੋਪਾਈ ਵੀ ਹੋਈ ਸੀ। ਖ਼ਾਲਸਾ ਨੇ ਜਹਾਜ਼ ਚੜ੍ਹਨ ਤੋਂ ਇਨਕਾਰ ਕਰ ਦਿੱਤਾ ਦੀ ਕਹਾਣੀ ਤੋਂ ਪ੍ਰਭਾਵਿਤ ਹੋਏ ਯੂਐਸਏ ਮਾਇਨੌਰਿਟੀ ਬਿਜ਼ਨੈਸ ਮੈਗ਼ਜ਼ੀਨ ਨੇ 18 ਜਨਵਰੀ 2019 ਨੂੰ ਖ਼ਾਲਸਾ ਨੂੰ "ਰੋਜ਼ਾ ਪਾਰਕ ਟ੍ਰੈਵਲਰ ਐਵਾਰਡ" ਦੇਣ ਦਾ ਫੈਸਲਾ ਕੀਤਾ ਹੈ, ਜੋ ਆਪਣੀ ਕਿਸਮ ਦੇ ਤਿੰਨ ਸਰਬਉੱਚ ਸਨਮਾਨਾਂ ਵਿੱਚੋਂ ਇੱਕ ਹੈ। ਹੁਣ ਖ਼ਾਲਸਾ ਆਪਣੀ ਕਹਾਣੀ ਨੂੰ ਲਘੂ ਫ਼ਿਲਮ ਦੇ ਰੂਪ ਵਿੱਚ ਦਿਖਾਉਣਗੇ, ਜਿਸ ਦਾ ਨਾਂਅ 'ਸਿੰਘ' ਰੱਖਿਆ ਗਿਆ ਹੈ। ਗੁਰਿੰਦਰ ਸਿੰਘ ਖ਼ਾਲਸਾ ਸਿੱਖ ਪੁਲੀਟੀਕਲ ਅਫੇਅਰ ਕਮੇਟੀ ਦੇ ਚੇਅਰਮੈਨ ਵੀ ਹਨ ਤੇ ਅਮਰੀਕਾ ਵਿੱਚ ਸਿੱਖਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ।

# ਧਰਮ ਤਿਆਗ ਕੇ ਆਸਟ੍ਰੇਲੀਆ ਜਾਣ ਵਾਲੀ ਮੁਟਿਆਰ ਬੈਂਕਾਕ ਹਵਾਈ ਅੱਡੇ ਤੋਂ ਕਾਬੂ, ਮੰਗੀ ਯੂ. ਐਨ. ਤੋਂ ਮਦਦ

ਨਵੀਂ ਦਿੱਲੀ: ਇਸਲਾਮ ਧਰਮ ਤਿਆਗ ਕੇ ਆਸਟ੍ਰੇਲੀਆ ਜਾਣ ਦੀ ਚਾਹਵਾਨ ਸਾਊਦੀ ਅਰਬ ਦੀ ਮੁਟਿਆਰ ਨੂੰ ਅੱਧਵਾਟੇ ਹੀ ਗ੍ਰਿਫ਼ਤਾਰ ਕਰਨ ਦੀ ਖ਼ਬਰ ਹੈ। ਸਾਊਦੀ ਅਰਬ ਦੀ 18 ਸਾਲਾ ਕੁੜੀ ਨੂੰ ਬੈਂਕਾਕ ਦੇ ਏਅਰਪੋਰਟ 'ਤੇ ਫੜਿਆ ਗਿਆ ਹੈ। ਲੜਕੀ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਤੋਂ ਦੂਰ ਆਸਟ੍ਰੇਲੀਆ ਜਾਣ ਦੀ ਕੋਸ਼ਿਸ਼ ਕਰ ਰਹੀ ਸੀ। ਰਹਾਫ਼ ਮੁਹੰਮਦ ਅਲ ਕੁਨਨ ਨਾਮਕ ਲੜਕੀ ਨੇ ਇਲਜ਼ਾਮ ਲਾਇਆ ਕਿ ਸਾਊਦੀ ਦੇ ਅਧਿਕਾਰੀਆਂ ਨੇ ਉਸ ਦਾ ਪਾਸਪੋਰਟ ਵੀ ਜ਼ਬਤ ਕਰ ਲਿਆ ਗਿਆ ਹੈ ਜਦਕਿ ਬੈਂਕਾਂਕ 'ਚ ਮੌਜੂਦ ਸਾਊਦੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੜਕੀ ਕੋਲ ਵਾਪਸੀ ਦਾ ਟਿਕਟ ਨਹੀਂ ਸੀ। ਇਸ ਲਈ ਉਸ ਨੂੰ ਰੋਕਿਆ ਗਿਆ ਹੈ। ਮੁਹੰਮਦ ਅਲ ਕੂਨਨ ਨੇ ਦੱਸਿਆ ਕਿ ਉਸ ਨੇ ਹੁਣ ਇਸਲਾਮ ਤਿਆਗ ਦਿੱਤਾ ਤੇ ਉਸ ਨੂੰ ਡਰ ਹੈ ਕਿ ਹੁਣ ਜ਼ਬਰਦਸਤੀ ਸਾਊਦੀ ਲਿਜਾਇਆ ਜਾਏਗਾ ਜਿੱਥੇ ਉਸ ਦਾ ਪਰਿਵਾਰ ਉਸ ਨੂੰ ਕਤਲ ਕਰ ਦੇਵੇਗਾ। ਰਹਾਫ਼ ਮੁਤਾਬਕ ਉਸ ਕੋਲ ਆਸਟਰੇਲੀਆ ਦਾ ਵੀਜ਼ਾ ਹੈ ਪਰ ਸਾਊਦੀ ਦੇ ਅਧਿਕਾਰੀ ਨੇ ਉਸ ਦਾ ਪਾਸਪੋਰਟ ਜ਼ਬਤ ਕਰ ਲਿਆ ਹੈ।



ਬੈਂਕਾਕ 'ਚ ਸਾਊਦੀ ਦੂਤਾਵਾਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਸ ਲੜਕੀ ਕੋਲ ਵਾਪਸੀ ਦਾ ਟਿਕਟ ਨਹੀਂ ਸੀ ਇਸ ਲਈ ਉਸ ਨੂੰ ਵਾਪਸ ਉਸ ਦੇ ਪਰਿਵਾਰ ਕੋਲ ਕੁਵੈਤ ਭੇਜਿਆ ਜਾਵੇਗਾ। ਉੱਧਰ, ਰਹਾਫ਼ ਨੇ ਕਈ ਟਵੀਟ ਕੀਤੇ ਹਨ ਤੇ ਉਸ ਨੇ ਸੰਯੁਕਤ ਰਾਸ਼ਟਰ ਤੋਂ ਵੀ ਮਦਦ ਦੀ ਗੁਹਾਰ ਲਾਈ ਹੈ। ਉਸ ਦੇ ਸਮਰਥਨ ਵਿੱਚ ਸੋਸ਼ਲ ਮੀਡੀਆ 'ਤੇ ਮੁਹਿੰਮ ਵੀ ਛਿੜ ਗਈ ਹੈ। ਘਰ ਤੋਂ ਭੱਜਣ ਬਾਰੇ ਉਹ ਦੱਸਦੀ ਹੈ ਕਿ ਕੁਵੈਤ ਤਕ ਉਹ ਪਰਿਵਾਰ ਨਾਲ ਫੈਮਿਲੀ ਹੌਲੀਡੇਅ ਤੇ ਆਈ ਸੀ। ਜਦੋਂ ਉਸ ਨੇ ਦੇਖਿਆ ਕਿ ਪਰਿਵਾਰਕ ਮੈਂਬਰ ਸੌਂ ਰਹੇ ਹਨ ਤਾਂ ਮੈਨੂੰ ਉੱਥੋਂ ਭੱਜਣ ਦਾ ਸਹੀ ਮੌਕਾ ਲੱਗਾ ਤੇ ਇੱਥੋਂ ਉਹ ਆਸਟੇਰਲੀਆ ਜਾਣਾ ਚਾਹੁੰਦੀ ਸੀ।